BRAMPTON **Service and Information Update**

# ਸਿਟੀ ਆਫ ਬ੍ਰੈਂਪਟਨ, ਪੀਲ ਪਬਲਿਕ ਹੈਲਥ ਵੱਲੋਂ ਵਧਾਏ ਗਏ ਉਪਾਵਾਂ ਦੇ ਨਾਲ ਸੂਬੇ ਦੇ ਰੈੱਡ-ਕੰਟ੍ਰੋਲ ਲੈਵਲ ਵਿੱਚ ਦਾਖ਼ਲ ਹੋ ਚੁੱਕੀ ਹੈ

ਬ੍ਰੈਂਪਟਨ, ਓਨਟੈਰੀਓ (7 ਨਵੰਬਰ, 2020) – ਅੱਜ, ਪੀਲ ਰੀਜਨ (Peel Region) ਦੇ ਹਿੱਸੇ ਵਜੋਂ ਬ੍ਰੈਂਪਟਨ, ਓਨਟੈਰੀਓ ਸਰਕਾਰ ਦੇ *ਓਨਟੈਰੀਓ ਨੂੰ ਸੁਰੱਖਿਅਤ ਅਤੇ ਖੁੱਲ੍ਹੇ ਰੱਖਣ ਸਬੰਧੀ ਫ੍ਰੇਮਵਰਕ (Keeping Ontario Safe and Open Framework)* ਦੇ ਰੈੱਡ-ਕੰਟ੍ਰੋਲ ਲੈਵਲ (Red-Control Level) ਵਿੱਚ ਦਾਖ਼ਲ ਹੋ ਗਿਆ ਹੈ। ਸੂਬੇ ਦੀਆਂ ਪਾਬੰਦੀਆਂ ਦੇ ਇਲਾਵਾ, ਪੀਲ ਪਬਲਿਕ ਹੈਲਥ (Peel Public Health) ਨੇ ਅੱਜ, ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ ਸਖ਼ਤ ਉਪਾਅ ਪੇਸ਼ ਕੀਤੇ ਹਨ।

**ਓਨਟੈਰੀਓ ਸਰਕਾਰ ਦੇ ਰੈੱਡ-ਕੰਟ੍ਰੋਲ ਲੈਵਲ ਸਬੰਧੀ ਪਾਬੰਦੀਆਂ**

ਸੂਬੇ ਦਾ ਰੈੱਡ-ਕੰਟ੍ਰੋਲ ਲੈਵਲ, ਪ੍ਰਤੀ ਸੰਸਥਾਨ ਵੱਧ ਤੋਂ ਵੱਧ 10 ਵਿਅਕਤੀਆਂ ਨੂੰ ਇਨਡੋਰ ਡਾਈਨਿੰਗ (ਅੰਦਰਲੀ ਥਾਂ ਵਿੱਚ ਖਾਣਾ-ਪੀਣਾ) ਦੀ ਇਜਾਜ਼ਤ ਦਿੰਦਾ ਹੈ। ਆਊਟਡੋਰ ਡਾਈਨਿੰਗ (ਰੈਸਟੋਰੈਂਟ ਆਦਿ ਦੀ ਬਾਹਰਲੀ ਥਾਂ ਵਿੱਚ ਖਾਣਾ-ਪੀਣਾ), ਭੋਜਨ ਘਰ ਲਿਜਾਣ, ਡ੍ਰਾਈਵ-ਥ੍ਰੂ ਅਤੇ ਡਿਲੀਵਰੀ ਜਾਰੀ ਰਹੇਗੀ। ਸਮਾਜਿਕ ਇਕੱਠ ਅਤੇ ਆਯੋਜਿਤ ਹੋਣ ਵਾਲੇ ਜਨਤਕ ਕਾਰਜਕਰਮ, ਇਨਡੋਰ 10 ਵਿਅਕਤੀਆਂ ਤੱਕ ਅਤੇ ਆਊਟਡੋਰ 25 ਵਿਅਕਤੀਆਂ ਤੱਕ ਸੀਮਿਤ ਹੋਣਗੇ।

ਸੂਬੇ ਦੇ ਸਿਹਤ ਸਬੰਧੀ ਉਪਾਵਾਂ ਬਾਰੇ ਇੱਥੇ (here) ਹੋਰ ਪੜ੍ਹੋ।

**ਪੀਲ ਪਬਲਿਕ ਹੈਲਥ ਦੇ ਵਧਾਏ ਗਏ ਕੋਵਿਡ-19 ਸਬੰਧੀ ਉਪਾਅ**

9 ਨਵੰਬਰ, ਸਵੇਰੇ 12:01 ਵਜੇ ਤੋਂ, ਬ੍ਰੈਂਪਟਨ ਸਮੇਤ, ਰੀਜਨ ਆਫ ਪੀਲ ਵਿੱਚ ਹੇਠਾਂ ਦਿੱਤੀਆਂ ਪਾਬੰਦੀਆਂ ਲਾਗੂ ਹੋਣਗੀਆਂ:

- 13 ਨਵੰਬਰ, 2020, ਸਵੇਰੇ 12:01 ਵਜੇ ਤੋਂ ਸ਼ੁਰੂ ਕਰਦੇ ਹੋਏ, ਕਾਰੋਬਾਰੀ ਅਦਾਰਿਆਂ ਵਿੱਚ ਛੁੱਟੀਆਂ ਅਤੇ ਜ਼ਿੰਦਗੀ ਦੇ ਸਮਾਗਮਾਂ ਨੂੰ ਮਨਾਉਣ ਵਾਲੇ ਸਮਾਜਿਕ ਇਕੱਠਾਂ ਦੀ ਇਜਾਜ਼ਤ ਨਹੀਂ ਹੈ।
- 13 ਨਵੰਬਰ, ਸਵੇਰੇ 12:01 ਵਜੇ ਤੋਂ ਸ਼ੁਰੂ ਕਰਦੇ ਹੋਏ, 7 ਜਨਵਰੀ, 2021 ਤੱਕ, ਵਿਆਹ ਦੇ ਰਿਸੈਪਸ਼ਨ ਅਤੇ ਇਸ ਨਾਲ ਜੁੜੇ ਇਕੱਠਾਂ ਦੀ ਇਜਾਜ਼ਤ ਨਹੀਂ ਹੈ।
- ਧਾਰਮਿਕ ਸੇਵਾਵਾਂ, ਰਸਮਾਂ ਜਾਂ ਸਮਾਰੋਹ ਆਭਾਸੀ (ਵਰਚੁਅਲ) ਹੋਣਗੀਆਂ। ਜਦੋਂ ਇਹ ਸੰਭਵ ਨਾ ਹੋਵੇ, ਤਾਂ ਵਿਆਹਾਂ ਅਤੇ ਅੰਤਿਮ ਸੰਸਕਾਰਾਂ ਵਰਗੇ ਕਾਰਜਕਰਮਾਂ ਸਮੇਤ, ਵਿਅਕਤੀਗਤ ਧਾਰਮਿਕ ਕਾਰਜਕਰਮਾਂ ਵਾਸਤੇ ਲਾਜ਼ਮੀ ਹੈ:
  - ਪ੍ਰਤੀ ਫੈਸਿਲਿਟੀ, ਇਨਡੋਰ ਵਿਅਕਤੀਆਂ ਦੀ ਸੰਖਿਆ 30% ਤੱਕ ਘਟਾ ਕੇ, ਵੱਧ ਤੋਂ ਵੱਧ 50 ਵਿਅਕਤੀਆਂ ਤੱਕ ਕਰਨਾ।
  - ਪਰਿਵਾਰ ਦੇ ਮੈਂਬਰਾਂ ਅਤੇ ਜ਼ਰੂਰੀ ਸਹਾਇਕਾਂ ਨੂੰ ਇਕੱਠੇ ਬਿਠਾਉਣਾ, ਹੋਰ ਸਮੂਹਾਂ ਤੋਂ ਘੱਟੋ-ਘੱਟ 2 ਮੀਟਰ ਦੂਰੀ ਤੇ।
- ਬਾਰਾਂ, ਰੈਸਟੋਰੈਂਟਾਂ ਅਤੇ ਖਾਣ-ਪੀਣ ਸਬੰਧੀ ਹੋਰ ਸੰਸਥਾਨਾਂ ਲਈ ਲਾਜ਼ਮੀ ਹੈ ਕਿ ਉਹ ਸਿਰਫ਼ ਇੱਕੋ ਘਰ ਦੇ ਜਾਂ ਉਹਨਾਂ ਦੇ ਲਾਜ਼ਮੀ ਸਹਾਇਕਾਂ ਨੂੰ ਹੀ ਇਕੱਠੇ ਬਿਠਾਉਣ। ਵੱਖ-ਵੱਖ ਘਰਾਂ ਦੇ ਲੋਕਾਂ ਨੂੰ ਕੋਲ-ਕੋਲ ਬਿਠਾਉਣ ਦੀ ਇਜਾਜ਼ਤ ਨਹੀਂ ਹੈ।
- ਕਾਰਜ ਸਥਾਨਾਂ ਲਈ ਲਾਜ਼ਮੀ ਹੈ ਕਿ ਉਹ ਸਾਰੇ ਗੈਰ-ਜ਼ਰੂਰੀ ਆਉਣ ਵਾਲਿਆਂ (ਵਿਜੀਟਰਾਂ) ਤੇ ਪਾਬੰਦੀ ਲਗਾਉਣ ਅਤੇ ਜਿੱਥੋਂ ਤੱਕ ਹੋ ਸਕੇ, ਘਰੋਂ ਕੰਮ ਕਰਨ ਦੇ ਵਿਕਲਪ ਉਪਲਬਧ ਕਰਵਾਉਣ।
- ਜਿਮ ਅਤੇ ਫਿਟਨੈੱਸ ਸੈਂਟਰਾਂ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਸਾਰੇ ਫਿਟਨੈੱਸ ਕਲਾਸ ਵਿੱਚ ਹਿੱਸਾ ਲੈਣ ਵਾਲੇ, ਪਹਿਲਾਂ ਤੋਂ ਰਜਿਸਟਰੇਸ਼ਨ ਕਰਵਾਉਣ ਅਤੇ ਸਹੀ ਸੰਪਰਕ ਜਾਣਕਾਰੀ ਪ੍ਰਦਾਨ ਕਰਨ, ਤਾਂ ਜੋ ਸੰਪਰਕ ਟ੍ਰੇਸਿੰਗ ਵਿੱਚ ਮਦਦ ਮਿਲ ਸਕੇ ਕਿ ਕੋਈ ਵਿਅਕਤੀ, ਪਾੱਜ਼ਿਟਿਵ ਵਿਅਕਤੀ ਦੇ ਸੰਪਰਕ ਵਿੱਚ ਤਾਂ ਨਹੀਂ ਆਇਆ ਹੈ। ਬਿਨਾਂ ਬੁਕਿੰਗ ਦੇ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਹੈ।

- ਬੈਂਕਟ ਹਾੱਲਸ ਸਮੇਤ, ਮੀਟਿੰਗ ਵਾਲੀਆਂ ਅਤੇ ਕਾਰਜਕਰਮਾਂ ਵਾਲੀਆਂ ਥਾਵਾਂ ਨੂੰ ਬੰਦ ਕਰਨਾ ਲਾਜ਼ਮੀ ਹੈ।
- ਪੀਲ ਦੇ ਨਿਵਾਸੀਆਂ ਲਈ ਲਾਜ਼ਮੀ ਹੈ ਕਿ ਉਹ ਸਿਰਫ਼ ਆਪਣੇ ਘਰ ਦੇ ਮੈਂਬਰਾਂ ਅਤੇ ਜ਼ਰੂਰੀ ਸਹਾਇਕਾਂ ਦੇ ਸੰਪਰਕ ਵਿੱਚ ਹੀ ਰਹਿਣ। ਜੋ ਲੋਕ ਇਕੱਲੇ ਰਹਿੰਦੇ ਹਨ, ਉਹ ਇੱਕ ਨਿਯਤ ਪਰਿਵਾਰ ਨਾਲ ਜੁੜ ਸਕਦੇ ਹਨ।
- ਪੀਲ ਦੇ ਨਿਵਾਸੀਆਂ ਨੂੰ ਕਿਸੇ ਵੀ ਹੋਰ ਘਰ ਵਿੱਚ ਨਹੀਂ ਜਾਣਾ ਚਾਹੀਦਾ ਜਾਂ ਆਉਣ ਵਾਲਿਆਂ ਨੂੰ ਆਪਣੇ ਘਰਾਂ ਜਾਂ ਯਾਰਡਾਂ ਵਿੱਚ ਆਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਮੈਡੀਕਲ ਅਤੇ ਮੁਰੰਮਤ, ਪੁਨਰ ਨਿਰਮਾਣ ਜਾਂ ਉਸਾਰੀ, ਡਿਲੀਵਰੀ ਅਤੇ ਆਮ੍ਹਣੇ-ਸਾਮ੍ਹਣੇ ਦੀ ਟਿਊਸ਼ਨ ਸਮੇਤ, ਐਮਰਜੈਂਸੀ ਕਾਰਨਾਂ ਨੂੰ ਛੱਡ ਕੇ। ਇਹਨਾਂ ਸਥਿਤੀਆਂ ਵਿੱਚ, ਮਾਸਕ ਪਹਿਨਣ, ਦੂਰੀ ਰੱਖਣ, ਹੱਥ ਧੋਣ ਅਤੇ ਬੀਮਾਰ ਹੋਣ ਤੇ ਦੂਜਿਆਂ ਤੋਂ ਵੱਖਰੇ ਰਹਿਣ ਸਮੇਤ, ਹਮੇਸ਼ਾ ਪੂਰੀਆਂ ਸਾਵਧਾਨੀਆਂ ਵਰਤੀਆਂ ਜਾਣੀਆਂ ਲਾਜ਼ਮੀ ਹਨ।

ਸਾਰੇ ਵਾਧੂ ਉਪਾਅ, ਓਨਟੈਰੀਓ ਰੈਗੂਲੇਸ਼ਨ 263/20 (Ontario Regulation 263/20,), ਸਟੇਜ 2, s.2(2) (ਜਾਂ ਮੌਜੂਦਾ ਦੇ ਤੌਰ ਤੇ) ਵਿੱਚ ਖੇਤਰਾਂ ਵਾਸਤੇ ਨਿਯਮਾਂ (Rules for Areas) ਦੀ ਅਥਾੱਰਿਟੀ ਦੇ ਅਧੀਨ ਲਾਗੂ ਕੀਤੇ ਗਏ ਹਨ।

ਇਹ ਉਪਾਅ ਅਗਲੇ ਨੋਟਿਸ ਤੱਕ ਲਾਗੂ ਰਹਿਣਗੇ, ਸਿਵਾਏ ਇਸਦੇ ਜਿੱਥੇ ਤਾਰੀਖ ਤੈਅ ਕੀਤੀ ਹੋਵੇ। ਪੀਲ ਪਬਲਿਕ ਹੈਲਥ ਵੱਲੋਂ ਹਰ 14 ਦਿਨਾਂ ਵਿੱਚ ਇਸਦਾ ਮੁੜ-ਮੁਲਾਂਕਣ ਕੀਤਾ ਜਾਵੇਗਾ, ਜਿਵੇਂ ਵੀ ਮਹਾਂਮਾਰੀ ਦੀ ਸਥਿਤੀ ਬਦਲੇਗੀ।

ਇਹਨਾਂ ਤਬਦੀਲੀਆਂ ਬਾਰੇ ਇੱਥੇ (here) ਹੋਰ ਪੜ੍ਹੋ।

**ਰੇਕ੍ਰੀਏਸ਼ਨ ਸੈਂਟਰ**

ਅੱਜ (7 ਨਵੰਬਰ, 2020) ਤੋਂ, ਸਿਟੀ ਆਫ ਬ੍ਰੈਂਪਟਨ ਦੀਆਂ ਚੋਣਵੀਆਂ ਰੇਕ੍ਰੀਏਸ਼ਨ ਫੈਸਿਲਿਟੀਜ, ਸਿਰਫ਼ ਮੁਲਾਕਾਤ ਬੁੱਕ ਕਰਕੇ ਚੋਣਵੀਆਂ ਥਾਵਾਂ ਵਿਖੇ ਫਿੱਟਨੈਸ ਕਾਰਡਿਓ ਅਤੇ ਵਜ਼ਨ ਚੁੱਕਣ ਸਬੰਧੀ ਐਕਸਰਸਾਈਜ ਖੇਤਰਾਂ ਦੀ ਵਰਤੋਂ ਮੁੜ ਸ਼ੁਰੂ ਕਰਨਗੀਆਂ। ਇਸ ਵੇਲੇ ਗਰੁੱਪ ਫਿਟਨੈੱਸ ਕਲਾਸਾਂ ਸਥਗਿਤ ਰਹਿਣਗੀਆਂ। ਨਿਵਾਸੀ, www.brampton.ca/recreation ਤੇ ਰਿਜ਼ਰਵੇਸ਼ਨ ਟਾਈਮਸਲੋਟ ਦੇਖ ਕੇ ਆਪਣੀ ਵਿਜਿਟ ਸ਼ੈਡਿਊਲ ਕਰ ਸਕਦੇ ਹਨ। ਵਿਕਲਪਿਕ ਤੌਰ ਤੇ, ਨਿਵਾਸੀ 311 ਤੇ ਕਾਲ ਕਰਕੇ ਰਿਜ਼ਰਵੇਸ਼ਨ ਬੁੱਕ ਕਰ ਸਕਦੇ ਹਨ।

**ਲਾਜ਼ਮੀ ਚਿਹਰਾ ਢਕਣਾ**

ਲਾਜ਼ਮੀ ਚਿਹਰਾ ਢਕਣਾ (ਮੈਨਡੇਟਰੀ ਫੇਸ ਕਵਰਿੰਗਸ) ਬਾਇ-ਲਾਅ (Mandatory Face Coverings By-law) ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਜਨਤਕ ਥਾਵਾਂ ਵਿਖੇ, ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਜਾਂ ਚਿਹਰੇ ਨੂੰ ਢਕਣਾ ਲਾਜ਼ਮੀ ਹੈ। ਜਨਤਕ ਸੰਸਥਾਨਾਂ ਅਤੇ ਕਾਰੋਬਾਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹਨਾਂ ਦੇ ਨਿਯੰਤਰਣ ਵਾਲੀਆਂ ਇਨਡੋਰ ਜਨਤਕ ਥਾਵਾਂ ਵਿਖੇ, ਸਾਰੇ ਲੋਕ ਮਾਸਕ ਪਹਿਨ ਰਹੇ ਹਨ ਜਾਂ ਚਿਹਰਾ ਢਕ ਰਹੇ ਹਨ।

ਬਾਇ-ਲਾਅ ਕੁਝ ਵਿਅਕਤੀਆਂ ਨੂੰ ਛੋਟ ਦਿੰਦਾ ਹੈ। ਇਹਨਾਂ ਵਿੱਚ ਸ਼ਾਮਲ ਹਨ, ਉਹ ਵਿਅਕਤੀ, ਜੋ ਮੈਡੀਕਲ ਕਾਰਨਾਂ ਕਰਕੇ ਮਾਸਕ ਨਹੀਂ ਪਹਿਨ ਸਕਦੇ ਜਾਂ ਚਿਹਰਾ ਨਹੀਂ ਢਕ ਸਕਦੇ; ਦੋ ਸਾਲ ਤੋਂ ਘੱਟ ਉਮਰ ਦੇ ਬੱਚੇ; ਐਮਰਜੈਂਸੀ ਆਰਡਰਸ (Emergency Orders) ਦੇ ਮੁਤਾਬਕ ਐਥਲੈਟਿਕ ਗਤੀਵਿਧੀ ਵਿੱਚ ਸ਼ਾਮਲ ਵਿਅਕਤੀ। ਹੋਰ ਜਾਣਕਾਰੀ ਲਈ: www.brampton.ca/masks ਤੇ ਜਾਓ।
ਇਸਦੀ ਪਾਲਣਾ ਨਾ ਹੋਣ ਬਾਰੇ ਰਿਪੋਰਟ ਕਰਨ ਲਈ, ਨਿਵਾਸੀ ਅਤੇ ਕਾਰੋਬਾਰੀ 311 ਤੇ ਫੋਨ ਕਰ ਸਕਦੇ ਹਨ।

**ਕੋਵਿਡ-19 ਟੈਸਟ ਅਤੇ ਟੈਸਟਿੰਗ ਥਾਂ ਬਾਰੇ ਜਾਣਕਾਰੀ**

### *ਸਾਰੀਆਂ ਟੈਸਟਿੰਗ ਥਾਵਾਂ*

ਲੋਕ, ਪੂਰੇ ਪੀਲ ਵਿੱਚ ਫਾਰਮੈਸੀ ਅਤੇ ਅਸੈਸਮੈਂਟ ਸੈਂਟਰਾਂ ਅਤੇ ਵਾਧੂ ਕਲੀਨਿਕਾਂ ਸਮੇਤ, ਕਈ ਥਾਵਾਂ ਤੇ ਟੈਸਟ ਕਰਵਾ ਸਕਦੇ ਹਨ। ਹੁਣ ਸਾਰੀ ਟੈਸਟਿੰਗ ਸਿਰਫ਼ ਮੁਲਾਕਾਤ ਬੁੱਕ ਕਰਕੇ ਹੀ ਹੋਵੇਗੀ। ਆਪਣਾ ਟੈਸਟ ਬੁੱਕ ਕਰਨ ਲਈ ਅਸੈਸਮੈਂਟ ਸੈਂਟਰ ਜਾਂ ਫਾਰਮੈਸੀ ਨੂੰ ਸੰਪਰਕ ਕਰੋ।

ਪੀਲ ਅਤੇ ਬ੍ਰੈਂਪਟਨ ਵਿੱਚ ਕੋਵਿਡ-19 ਟੈਸਟਿੰਗ ਥਾਵਾਂ ਦੀ ਸੂਚੀ ਲਈ, ਸੂਬੇ ਦੀ ਵੈਬਸਾਈਟ (website) ਤੇ ਜਾਓ।

### *ਬ੍ਰੈਂਪਟਨ ਵਿੱਚ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਟੈਸਟਿੰਗ*

ਸਾਊਥ ਫਲੈਚਰਸ ਸਪੋਰਟਸਪਲੈਕਸ ਵਿਖੇ ਓਸਲਰਸ ਕੋਵਿਡ-19 ਟੈਸਟਿੰਗ ਸੈਂਟਰ
ਓਸਲਰ, ਕਿਸੇ ਵੀ ਉਸ ਵਿਅਕਤੀ ਨੂੰ ਔਨਲਾਈਨ ਅਤੇ ਫੋਨ ਤੇ ਬੁਕਿੰਗ ਕਰਵਾਉਣ ਦੀ ਪੇਸ਼ਕਸ਼ ਕਰ ਰਿਹਾ ਹੈ, ਜੋ ਕੋਵਿਡ-19 ਟੈਸਟ ਪ੍ਰਾਪਤ ਕਰਨ ਲਈ ਯੋਗ ਹੈ। ਬ੍ਰੈਂਪਟਨ ਵਿੱਚ, ਸਾਊਥ ਫਲੈਚਰਸ ਸਪੋਰਟਸਪਲੈਕਸ (South Fletcher's Sportsplex) ਵਿਖੇ ਓਸਲਰਸ ਕੋਵਿਡ-19 ਟੈਸਟਿੰਗ ਸੈਂਟਰ (Osler's COVID-19 Testing Centre), ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲਦਾ ਹੈ। ਮੁਲਾਕਾਤਾਂ, ਉਪਲਬਧਤਾ ਦੇ ਆਧਾਰ ਤੇ ਬੁੱਕ ਕੀਤੀਆਂ ਜਾਂਦੀਆਂ ਹਨ।

ਓਸਲਰਸ ਕੋਵਿਡ-19 ਟੈਸਟਿੰਗ ਸੈਂਟਰ ਵਿਖੇ ਟੈਸਟ ਬੁੱਕ ਕਰਨ ਲਈ, ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਇੱਕ ਚੁਣੋ।

- ਔਨਲਾਈਨ: www.williamoslerhs.ca/coronavirus ਤੇ ਜਾਓ
- ਫੋਨ: 905.487.1249 ਤੇ ਫੋਨ ਕਰੋ
  ਸਵੇਰੇ 8:00 ਵਜੇ ਅਤੇ ਸ਼ਾਮ 6:00 ਵਜੇ, ਹਫ਼ਤੇ ਵਿੱਚ 7 ਦਿਨ।

ਪੀਲ ਮੈਮੋਰੀਅਲ ਸੈਂਟਰ ਫਾਰ ਇੰਟੀਗ੍ਰੇਟਿਡ ਹੈਲਥ ਐਂਡ ਵੈਲਨੈਸ ਵਿਖੇ, ਓਸਲਰਸ ਕੋਵਿਡ-19, ਕੋਲਡ ਐਂਡ ਫਲੂ ਕਲੀਨਿਕ
ਓਸਲਰਸ ਕੋਵਿਡ-19, ਕੋਲਡ ਐਂਡ ਫਲੂ ਕਲੀਨਿਕ (Osler's COVID-19, Cold and Flu Clinic), ਬਿਨਾਂ ਤੈਅ ਮੁਲਾਕਾਤ ਦੇ ਆਧਾਰ ਤੇ, ਕੋਵਿਡ-19 ਟੈਸਟਿੰਗ ਮਾਪਦੰਡ ਨੂੰ ਪੂਰਾ ਕਰਨ ਵਾਲੇ ਰੋਗੀਆਂ ਦੇ ਨਾਲ-ਨਾਲ ਉਹਨਾਂ ਨੂੰ ਦੇਖਣਾ ਵੀ ਜਾਰੀ ਰੱਖੇਗਾ, ਜਿਹਨਾਂ ਨੂੰ ਲੱਛਣ ਹੋਣ ਅਤੇ ਡਾਕਟਰ ਨੂੰ ਮਿਲਣਾ ਚਾਹੁੰਦੇ ਹੋਣ।

ਹੁਣੇ ਜਿਹੇ ਹੀ ਕਲੀਨਿਕ ਨੇ ਸੰਚਾਲਨ ਦਾ ਆਪਣਾ ਸਮਾਂ ਵਧਾ ਦਿੱਤਾ ਹੈ। ਹੁਣ ਇਹ ਰੋਜ਼ਾਨਾ ਸਵੇਰੇ 8 ਵਜੇ ਤੋਂ ਰਾਤ 9 ਵਜੇ ਤੱਕ ਖੁੱਲਦਾ ਹੈ। ਮੁਲਾਕਾਤ ਬੁੱਕ ਕਰਨ ਦੀ ਲੋੜ ਨਹੀਂ ਹੈ।

ਪੀਲ ਮੈਮੋਰੀਅਲ ਸੈਂਟਰ (Peel Memorial Centre) ਵਿਖੇ, ਬ੍ਰੈਂਪਟਨ ਦੇ ਡ੍ਰਾਈਵ-ਥ੍ਰੂ ਟੈਸਟਿੰਗ ਸੈਂਟਰ (Drive-Thru Testing Centre) ਅਤੇ ਕੋਵਿਡ-19, ਕੋਲਡ ਐਂਡ ਫਲੂ ਕਲੀਨਿਕ ਬਾਰੇ ਹੋਰ ਜਾਣਕਾਰੀ ਲਈ, www.williamoslerhs.ca/coronavirus ਤੇ ਜਾਓ।

### ਵਾਧੂ ਟੈਸਟਿੰਗ ਸੈਂਟਰ

ਇਹ ਸਾਈਟਾਂ ਉਹਨਾਂ ਨਿਵਾਸੀਆਂ ਨੂੰ ਤਰਜੀਹੀ ਟੈਸਟਿੰਗ ਪ੍ਰਦਾਨ ਕਰਦੀਆਂ ਹਨ, ਜੋ ਹਰੇਕ ਕਲੀਨਿਕ ਥਾਂ ਦੇ ਨੇੜੇ ਰਹਿੰਦੇ ਹਨ।

Snelgrove Community Centre
11692 Hurontario Street
Brampton, ON L7A 1K5

(ਸਨੇਲਗ੍ਰੋਵ ਕਮਿਊਨਿਟੀ ਸੈਂਟਰ

11692 ਹੁਰੋਨਟੈਰੀਓ ਸਟ੍ਰੀਟ

ਬ੍ਰੈਂਪਟਨ, ਓਨਟੈਰੀਓ L7A 1K5)

ਸਮਾਂ: ਹਰੇਕ ਮੰਗਲਵਾਰ ਨੂੰ ਦੁਪਹਿਰ ਬਾਅਦ 2 ਵਜੇ ਤੋਂ ਸ਼ਾਮ 6 ਵਜੇ ਤੱਕ ਅਤੇ ਹਰੇਕ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 1 ਵਜੇ ਤੱਕ। ਆਪਣੀ ਮੁਲਾਕਾਤ ਬੁੱਕ ਕਰਨ ਲਈ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ, 905.796.0040 ਐਕਸਟੈਨਸ਼ਨ 2122 ਤੇ ਫੋਨ ਕਰੋ

Gore Meadows Community Centre
10150 The Gore Road
Brampton, ON L6P 0A6
(ਗੋਰ ਮੇਡੋਜ ਕਮਿਊਨਿਟੀ ਸੈਂਟਰ

10150 ਦ ਗੋਰ ਰੋਡ

ਬ੍ਰੈਂਪਟਨ, ਓਨਟੈਰੀਓ L6P 0A6)

ਸਮਾਂ: ਮੰਗਲਵਾਰ ਤੋਂ ਸ਼ਨੀਵਾਰ, ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 2 ਵਜੇ ਤੱਕ। ਔਨਲਾਈਨ ਮੁਲਾਕਾਤ ਬੁੱਕ ਕਰੋ ਜਾਂ 647.374.4676 ਤੇ ਫੋਨ ਕਰੋ

ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ (click here)।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca